# ਵਾਖੂ ਡਾਗ

# ਖ਼ੁਦਾ ਦੀ ਪ੍ਰੇਰਨਾ ਤੋਂ ਹੋਣ ਦੇ ਬਾਹਰੀ ਸਬੂਤ: ਖਾਰੇ ਸਮੁੰਦਰ ਤੋਂ ਮਿਲੇ ਪੱਤਰੇ

ਬਾਈਬਲ ਦੇ ਸਬੰਧ ਵਿਚ ਹੋਈ ਹੁਣ ਤਕ ਦੀ ਸਭ ਤੋਂ ਅਹਿਮ ਪੁਰਾਤੱਤਵੀ ਖੋਜ, 1947 ਵਿਚ ਖਾਰੇ ਸਮੁੰਦਰ 'ਚੋਂ ਮਿਲੇ ਪੱਤਰਿਆਂ ਦੀ ਸੀ। ਉਨ੍ਹਾਂ ਪੱਤਰਿਆਂ ਨਾਲ ਪੁਰਾਣੇ ਨੇਮ ਦੀਆਂ ਕਿਤਾਬਾਂ ਦੀ ਪੂਰਣਤਾ ਅਤੇ ਭਰੋਸੋਯਗਤਾ ਦਾ ਸਾਡੀ ਸਮਝ 'ਤੇ ਕੀ ਅਸਰ ਪੈਂਦਾ ਹੈ? ਵਿਦਵਾਨਾਂ ਨੇ ਯਸਾਯਾਹ ਦੀ ਕਿਤਾਬ ਦੀ ਲਿਖਤ ਜਿਸ 'ਤੇ ਅੰਗ੍ਰੇਜ਼ੀ ਬਾਈਬਲ ਦਾ ਕਿੰਗ ਜੇਮਸ ਵਰਜ਼ਨ ਅਧਾਰਿਤ ਸੀ (ਨੌਵੀਂ ਸਦੀ ਈਸਵੀ ਦੇ ਲਗਭਗ ਦੀ ਇਬਰਾਨੀ ਲਿਖਤ) ਅਤੇ ਕੁਮਰਾਨ ਦੀਆਂ ਗੁਫ਼ਾਵਾਂ ਵਿਚ ਮਿਲੀ ਯਸਾਯਾਹ ਦੀ ਕਿਤਾਬ (ਲਗਭਗ 100 ਈ. ਪੂ. ਵਿਚ ਲਿਖੀ ਗਈ) ਦੀਆਂ ਨਕਲਾਂ ਵਿਚ ਹੈਰਾਨ ਕਰਨ ਵਾਲੀ ਸਹਿਮਤੀ ਵੇਖੀ।[1] ਯੇਲ ਯੂਨੀਵਰਸਿਟੀ ਦੇ ਪ੍ਰੋਫ਼ੈੱਸਰ ਮਿੱਲਰ ਬੱਰੋਜ਼ ਨੇ ਲਿਖਿਆ, ''ਇਹ ਹੈਰਾਨੀ ਕੀ ਗੱਲ ਹੈ ਕਿ ਕਰੀਬ ਹਜ਼ਾਰ ਸਾਲ ਬੀਤ ਜਾਣ 'ਤੇ ਵੀ ਇਸ ਲਿਖਤ ਵਿਚ ਐਨਾ ਘੱਟ ਬਦਲਾਅ ਹੈ।''[2] ਬੱਰੋਜ਼ ਨੇ ਲਿਖਿਆ ਹੈ ਕਿ ਖਾਰੇ ਸਮੁੰਦਰ ਦੇ ਪੱਤਰਿਆਂ ਦੀ ''ਖਾਸ ਅਹਿਮੀਅਤ'' ਰਵਾਇਤੀ ਲਿਖਤ ਦੇ ਦਰੁਸਤ ਹੋਣ ਦੀ ਹਮਾਇਤ ਕਰਦੀ ਹੈ। ਮਿਲੇ ਫ਼ਰਕ ''ਅਨੁਵਾਦਾਂ ਲਈ ਥਾਂ ਲੈਣ ਨੂੰ ਐਨਾ ਸਹੀ ਨਹੀਂ ਠਹਿਰਾਉਂਦੇ।''[3] ਇਹਦੇ ਇਲਾਵਾ ਫ਼ਰਕਾਂ 'ਤੇ ਧਿਆਨ ਦੇਣ 'ਤੇ ''ਸਭ [ਪੱਤਰਿਆਂ] ਵਿਚਲੀ ਕੋਈ ਗੱਲ ਬਾਈਬਲ ਦੀਆਂ ਧਾਰਮਿਕ ਸਿੱਖਿਆਵਾਂ ਬਾਰੇ ਸਾਡੀ ਸਮਝ ਵਿਚ ਕੋਈ ਫ਼ਰਕ ਨਹੀਂ ਪਾਉਂਦੇ।''[4]

ਯੇਲ ਦਾ ਇਕ ਹੋਰ ਪ੍ਰੋਫ਼ੈਸੱਰ ਪੁਰਾਤੱਤਵ ਵੱਲੋਂ ਤਸਦੀਕ ਕੀਤੀਆਂ ਬਾਈਬਲ ਦੀਆਂ ਸਭ ਲਿਖਤਾਂ ਦੀ ਪੂਰਣਤਾ ਤੋਂ ਪ੍ਰਭਾਵਿਤ ਸੀ। ਉਹਨੇ ਲਿਖਿਆ, ''ਆਮੋਸ, ਯਸਾਯਾਹ, ਯਿਸੂ ਜਾਂ ਪੌਲੁਸ ਦੇ ਵਿਚਾਰ ਅਤੇ ਸਿੱਖਿਆ ਬਾਰੇ ਸਾਡਾ ਗਿਆਨ, ਇਨ੍ਹਾਂ ਖੋਜਾਂ ਨਾਲ ਨਾ ਤਾਂ ਵਧਿਆ ਹੈ ਅਤੇ ਨਾ ਹੀ ਬਦਲਿਆ ਹੈ।''[5] ਇਹ ਦੁੱਖ ਦੀ ਗੱਲ ਹੈ ਕਿ ਕੁਝ ਲੋਕ ਜਿਨ੍ਹਾਂ ਦੇ ਦਿਲਾਂ ਵਿਚ ਬਾਈਬਲੀ ਵਿਸ਼ਵਾਸ ਨਹੀਂ ਬੀਜਿਆ ਗਿਆ ਹੈ, ਸਾਫ਼ ਹੈ ਕਿ ਉਹ ਉਸ ਕਿਤਾਬ ਵਿੱਚੋਂ ਖਾਮੀਆਂ ਲੱਭਦੇ ਰਹਿੰਦੇ ਹਨ, ਜਿਹਨੇ ਹੋਰ ਕਿਸੇ ਨਾਲੋਂ ਵੀ ਵੱਧ, ਮਨੁੱਖ ਜਾਤੀ ਦੀ ਭਲਾਈ ਕੀਤੀ ਹੈ।

ਇਸ ਸਬੰਧ ਵਿਚ ਕਈਆਂ ਨੇ ਬਾਈਬਲ ਦੇ ਵਿਸ਼ਵਾਸੀਆਂ ਨੂੰ ਉਲਝਾਉਣ ਲਈ ਕੁਝ ਲੱਭਣ ਦੀ ਆਸ ਨਾਲ ਖਾਰੇ ਸਮੁੰਦਰ ਦੇ ਪੱਤਰਿਆਂ ਦੀ ਭਾਲ ਵਿਚ ਕਈ ਘੰਟੇ ਲਾ ਦਿੱਤੇ। ਅਜਿਹੀ ਵਿਓਂਤ ਦੀ ਹੱਦ ਬ੍ਰਿਟਿਸ਼ ਪ੍ਰੈੱਸ ਦੀ ਇਕ ਰਿਪੋਰਟ ਵਿਚ ਮਿਲਦੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਕੁਮਰਾਨ ਦੀਆ ਖੋਜਾਂ ਨਿਰਣਾਇਕ ਤੌਰ ਤੇ ਸਾਬਤ ਕਰਦੀਆਂ ਹਨ ਕਿ ਯਿਸੂ ਕਦੇ ਹੋਇਆ ਹੀ ਨਹੀਂ।[6] ਇਹ ਸਮਝ ਆਉਣਾ ਕਿ ਇਹ ਪੱਤਰੇ ਯਿਸੂ ਦੇ ਪੈਦਾ ਹੋਣ ਤੋਂ ਇਕ ਸੌ ਸਾਲ ਪਹਿਲਾਂ ਲਿਖੇ ਗਏ ਸਨ ਅਤੇ ਇਸ ਤਰ੍ਹਾਂ (ਬਿਨਾ ਨਬੂਵਤ ਦੇ) ਹੋਰ ਕਿਤੇ ਉਹ ਨਹੀਂ

ਮਿਲ ਸਕਦੇ ਹਨ, ਪਤਾ ਲਗਦਾ ਹੈ ਕਿ ਬੇਵਿਸ਼ਵਾਸੇ ਲੋਕ ਗਲਤੀ ਲੱਭਣ ਲਈ ਕਿਵੇਂ ਅਕਾਸ਼ ਅਤੇ ਧਰਤੀ ਨੂੰ ਨਾਪਦੇ ਹਨ, ਅਤੇ ਇਸ ਵਿਚ ਬੇਵਿਸ਼ਵਾਸਿਆਂ ਵੱਲੋਂ ਹੀ ਸਬੂਤ ਦੀ ਘਾਟ ਨਜ਼ਰ ਆਉਂਦੀ ਹੈ।

---

ਟਿੱਪਣੀਆਂ

[1]ਐੱਫ਼.ਐੱਫ਼.ਬਰੂਸ, *ਸੈਕੰਡ ਥੌਟਸ ਆਨ ਦ ਡੈੱਡ ਸੀ ਸਕ੍ਰੌਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ.ਈਰਡਮੈਂਜ਼ ਪਬਲਿਸ਼ਿੰਗ ਕੰ., 1961), 71. [2]ਮਿੱਲਰ ਬੱਰੋਜ਼, *ਦ ਡੈੱਡ ਸੀ ਸਕ੍ਰੋਲਜ਼* (ਨਿਯੂ ਯਾਰਕ: ਵਾਈਕਿੰਗ ਪ੍ਰੈੱਸ, 1955), 304. [3]ਉਹੀ, 348. [4]ਉਹੀ, 320. [5]ਜੋਜ਼ਫ ਪੀ. ਫ਼੍ਰੀ, *ਆਰਕਿਓਲੋਜੀ ਐਂਡ ਬਾਈਬਲ ਹਿਸਟਰੀ* (ਵ੍ਹੀਟਨ, ਇਲਿਨੋਇਸ: ਵੈਨ ਕੈਂਮੇਨ ਪ੍ਰੈੱਸ, 1950), 156-57. [6]ਬਰੂਸ, 138. ਇਹ ਲੇਖ 1958 ਵਿਚ *ਕੌਮਸੋਮੋਲਸਕਾਇਆ ਪ੍ਰਾਵਡਾ* ਵਿਚ ਜਾਰੀ ਕੀਤਾ ਗਿਆ ਸੀ।

# ਬਾਈਬਲ ਦੀ ਪੇਸ਼ਨਗੋਈ ਬਨਾਮ ਮਨੁੱਖੀ ਦੀ ਭਵਿਖਬਾਣੀ

ਬਾਈਬਲ ਦੀ ਨਬੂਵਤ ਅਤੇ ਮਨੁੱਖ ਦੀ ਭਵਿੱਖਵਾਣੀ ਦਾ ਸਬੰਧ ਤੁਲਨਾ ਨਾਲੋਂ ਬਹੁਤ ਅੰਤਰ ਵਾਲਾ ਹੈ। ਇਹ ਗੱਲ ਪ੍ਰਮਾਣਿਤ ਭਵਿਖਬਾਣੀ ਤੋਂ ਅਤੇ ਨੈਤਿਕ ਅਤੇ ਰੂਹਾਨੀ ਸਮੱਗਰੀ ਦੋਹਾਂ ਤੋਂ ਸਹੀ ਹੈ। ਗੈਰ ਕੌਮਾਂ ਦੇ ਨਬੀਆਂ ਦਾ ਧਿਆਨ ਧਾਰਮਿਕਤਾ ਵੱਲ ਨਹੀਂ ਬਲਕਿ ਆਪਣੀ ਖ਼ੁਸ਼ਹਾਲੀ ਵੱਲ ਸੀ। ਉਨ੍ਹਾਂ ਨੂੰ ਸਿਰਫ਼ ਸਥਾਨਕ ਦੇਵਤਿਆਂ ਦੀ ਹੀ ਜਾਣਕਾਰੀ ਸੀ। ਉਨ੍ਹਾਂ ਦਾ ਕੋਈ ਸਦਾਚਾਰੀ ਨਿਯਮ ਨਹੀਂ ਸੀ ਅਤੇ ਨਾ ਮੁਕਤੀ ਸੀ। ਸਾਫ਼ ਹੱਥ, ਸ਼ੁੱਧ ਮਨ ਅਤੇ ਇੱਕੋ ਰਬ ਨੂੰ ਮੰਨਣ ਬਾਰੇ ਬਾਈਬਲੀ ਪੇਸ਼ਨਗੋਈ ਨਵੇਕਲੀ ਖੜੀ ਹੈ।

ਭਵਿੱਖਵਾਣੀ ਤੇ ਸਬੰਧ ਵਿਚ, ਸਿਰਫ਼ ਬਾਈਬਲ ਬਾਰੇ ਹੀ ਕਿਹਾ ਜਾ ਸਕਦਾ ਹੈ ਕਿ ਇਹ ਪੂਰੀ ਹੋਈ ਭਵਿੱਖਬਾਣੀ ਦੀਆਂ ਪ੍ਰਮਾਣਿਤ ਘਟਨਾਵਾਂ ਪੇਸ਼ ਕਰਦੀ ਹੈ। ਇਸਲਾਮ, ਕਨਫ਼ਿਊਸ਼ਿਅਸ ਧਰਮ, ਸ਼ਿੰਤੋ ਅਤੇ ਜ਼ੋਰਾਸ਼ਟਰ ਧਰਮ ਭਵਿੱਖਬਾਣੀ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕਰਦੇ। ਜਦ ਮੂਰਤੀਪੂਜਕ ਡੈਲਫ਼ਿਕ ਓਚੇਕਲ ਨੇ ਭਵਿੱਖਬਾਣੀ ਕਰਨ ਦੀ ਕੋਸ਼ਿਸ ਕੀਤੀ, ਤਾਂ ਇਹ ਅਸਪੱਸ਼ਟ ਅਤੇ ਬੁਝਾਰਤ ਭਰੀ ਹੀ ਹੁੰਦੀ ਸੀ। ਨਬੂਵਤ ਕਰਨ ਦੀਆਂ ਹੋਰ ਕੋਸ਼ਿਸ਼ਾਂ ਹੋਈਆਂ ਤਾਂ ਸਹੀ ਪਰ ਉਹ ਆਪੇ ਬਣੇ ਨਬੀਆਂ ਨੂੰ ਉਲਝਾਉਣ ਵਾਲੀਆਂ ਹੀ ਸਾਬਤ ਹੋਈਆਂ।

ਹੋਰਨਾਂ ਧਰਮਾਂ ਵਿਚ ਨਬੂਵਤ ਦਾ ਨਾ ਹੋਣਾ, ਮੂਰਤੀਪੂਜਕ ਸਿੱਖਿਆਵਾਂ ਵਿਚ ਬੇਕਾਰ ਕੋਸ਼ਿਸ਼ ਅਤੇ ਹੋਰ ਆਪਣੇ ਆਪ ਨੂੰ ਧੋਖਾ ਦੇਣ ਵਾਲੀਆਂ ਕੋਸ਼ਿਸ਼ਾਂ ਬਾਈਬਲ ਦੀ ਨਬੂਵਤ ਨੂੰ ਤੁਲਨਾ ਰਾਹੀਂ ਸ਼ਲਾਘਾਯੋਗ ਅਤੇ ਭੈ ਯੋਗ ਬਣਾ ਦਿੰਦਾ ਹੈ।

## ਮਸੀਹ ਨਾਲ ਸਬੰਧਤ ਚੁਣਿੰਦਾ ਪੇਸ਼ਨਗੋਈਆਂ ਅਤੇ ਉਨ੍ਹਾਂ ਦਾ ਪੂਰਾ ਹੋਣਾ

| ਨਬੂਵਤ | ਕਿੱਥੇ ਹੋਈ | ਪੂਰੀ ਹੋਈ |
|---|---|---|
| ਔਰਤ ਦੀ ਸੰਤਾਨ | ਉਤਪਤ 3:15 | ਗਲਾਤੀਆਂ 4:4; ਰੋਮੀਆਂ 16:20 |
| ਅਬਰਾਹਾਮ ਦੀ ਸੰਤਾਨ | ਉਤਪਤ 12:1-3 | ਗਲਾਤੀਆਂ 3:16 |
| ਯਹੂਦਾ ਦਾ ਕਬੀਲਾ | ਉਤਪਤ 49:10 | ਇਬਰਾਨੀਆਂ 7:14 |
| ਦਾਊਦ ਦੀ ਸੰਤਾਨ | ਜ਼ਬੂਰ 89:3, 4 | ਰੋਮੀਆਂ 1:3 |
| ਕੁਆਰੀ ਤੋਂ ਜਨਮ | ਯਸਾਯਾਹ 7:14 | ਮੱਤੀ 1:22, 23 |
| ਬੈਤਲਹਮ, ਜਨਮ ਲੈਣ ਦਾ ਨਗਰ | ਮੀਕਾ 5:2 | ਮੱਤੀ 2:1, 5 |
| ਉਹਦੇ ਅੱਗਿਓਂ ਆਉਣ ਵਾਲਾ | ਯਸਾਯਾਹ 40:3 | ਮੱਤੀ 3:1, 3 |
| ਗਲੀਲ ਵਿਚ ਉਹਦਾ ਜਾਣਾ | ਯਸਾਯਾਹ 9:1, 2 | ਮੱਤੀ 4:12-16 |
| ਉਹਦੀ ਬੁੱਧ | ਯਸਾਯਾਹ 11:1-3; ਜ਼ਬੂਰ 78:2 | ਮੱਤੀ 13:55; ਯੂਹੰਨਾ 7:15, 46 |
| ਉਹਦੇ ਕੰਮ | ਯਸਾਯਾਹ 35:5; 61:1-3 | ਮੱਤੀ 11:2-6 |
| ਉਹਦੀ ਲਗਨ | ਜ਼ਬੂਰ 69:9 | ਯੂਹੰਨਾ 2:16, 17 |
| ਉਹਦਾ ਠੁਕਰਾਇਆ ਜਾਣਾ | ਯਸਾਯਾਹ 53:3 | ਯੂਹੰਨਾ 1:11 |
| ਦੁਖੀ ਮਨੁੱਖ | ਯਸਾਯਾਹ 53:3 | ਮੱਤੀ 26:38 |
| ਸੋਗ ਦਾ ਜਾਣ | ਯਸਾਯਾਹ 53:3 | ਯੂਹੰਨਾ 11:35 |
| ਉਹਦਾ ਕੋੜੇ ਖਾਣਾ | ਯਸਾਯਾਹ 53:5 | 1 ਪਤਰਸ 2:24 |
| ਪਾਪ ਚੁੱਕਣ ਵਾਲਾ | ਯਸਾਯਾਹ 53:11, 12 | 2 ਕੁਰਿੰਥੀਆਂ 5:21 |
| ਕੋਈ ਵਿਰੋਧ ਨਾ ਕਰਨਾ | ਯਸਾਯਾਹ 53:7 | ਯੂਹੰਨਾ 18:8; 1 ਪਤਰਸ 2:23, 24 |
| ਉਹਦੇ ਚੇਲਿਆਂ ਦੀ ਬੁਜ਼ਦਿਲੀ | ਜਕਰਯਾਹ 13:7 | ਮੱਤੀ 26:31-36 |
| ਉਹਦਾ ਫੜਵਾਇਆ ਜਾਣਾ | ਜ਼ਬੂਰ 41:9; 55:12-15 | ਯੂਹੰਨਾ 13:18 |
| ਲਹੂ ਦੇ ਧਨ ਦੀ ਕੀਮਤ | ਜ਼ਕਰਯਾਹ 11:12 | ਮੱਤੀ 26:14, 15 |
| ਲਹੂ ਦੇ ਧਨ ਦੀ ਵਰਤੋਂ | ਜ਼ਕਰਯਾਹ 11:13 | ਮੱਤੀ 27:5-7 |
| ਥੁੱਕਿਆ ਜਾਣਾ ਅਤੇ ਕੋੜੇ ਮਾਰਨਾ | ਯਸਾਯਾਹ 50:6 | ਮੱਤੀ 27:26, 30 |
| ਮੁਜਰਮਾਂ ਨਾਲ ਗਿਣਿਆ ਜਾਣਾ | ਯਸਾਯਾਹ 53:12 | ਮਰਕੁਸ 15:27, 28 |
| ਪਿੱਤ ਅਤੇ ਸਿਰਕਾ | ਜ਼ਬੂਰ 69:21 | ਮੱਤੀ 27:34; ਯੂਹੰਨਾ 19:28-30 |
| ਠੱਠਾ ਕੀਤੇ ਜਾਣਾ | ਜ਼ਬੂਰ 22:7, 8 | ਮੱਤੀ 27:39-44 |
| ਉਹਦੇ ਕੱਪੜੇ ਵੰਡੇ ਜਾਣੇ | ਜ਼ਬੂਰ 22:18 | ਮੱਤੀ 27:35; ਯੂਹੰਨਾ 19:23-28 |
| ਉਹਦੇ ਹੱਥ ਤੇ ਪੈਰ ਵਿੰਨ੍ਹੇ ਗਏ | ਜ਼ਬੂਰ 22:16; ਜ਼ਕਰਯਾਹ 12:10 | ਯੂਹੰਨਾ 19:37 |
| ਖ਼ੁਦਾ ਦਾ ਠੁਕਰਾਇਆ ਹੋਇਆ | ਜ਼ਬੂਰ 22:1 | ਮੱਤੀ 27:46 |
| ਕੋਈ ਹੱਡੀ ਨਾ ਟੁੱਟੀ | ਜ਼ਬੂਰ 34:20 | ਯੂਹੰਨਾ 19:33-36 |
| ਸਿਫ਼ਾਰਸ਼ ਕਰਨਾ | ਯਸਾਯਾਹ 53:12 | ਲੂਕਾ 23:34 |
| ਉਹਦੇ ਆਤਮਾ ਦੀ ਤਾਰੀਫ਼ | ਜ਼ਬੂਰ 31:5 | ਲੂਕਾ 23:46 |
| ਧਨੀ ਦੀ ਕਬਰ | ਯਸਾਯਾਹ 53:9 | ਮੱਤੀ 27:57-60 |
| ਅਵਿਨਾਸ਼ੀ | ਜ਼ਬੂਰ 16:8-10 | ਰਸੂਲਾਂ ਦੇ ਕੰਮ 2:31 |
| ਉਹਦਾ ਉੱਪਰ ਉਠਾਇਆ ਜਾਣਾ | ਜ਼ਬੂਰ 24:7-10; 68:18 | ਰਸੂਲਾਂ ਦੇ ਕੰਮ 1:9; ਅਫ਼ਸੀਆਂ 4:8 |
| ਉਹਦੀ ਤਾਜਪੋਸ਼ੀ | ਜ਼ਬੂਰ 45:6, 7; 110:1-5 | ਇਬਰਾਨੀਆਂ 1:8,9 |